# ਪੁਆਇੰਟ ਸਿਸਟਮ ਨੂੰ ਸਮਝਣ ਦੀ ਲੋੜ



ਭਵਨਦੀਪ ਸਿੰਘ ਪੁਰਬਾ

"ਬਹੁਤ ਸਾਰੇ ਪੜ੍ਹੇ-ਲਿਖੇ ਪੰਜਾਬੀ ਆਪਣੇ ਬੱਚਿਆਂ ਦੇ ਭਵਿੱਖ ਬਣਾਉਣ ਲਈ 'ਪੁਆਇੰਟ ਸਿਸਟਮ' ਅਪਲਾਈ ਕਰ ਦਿੰਦੇ ਹਨ। ਕੁਝ ਕੁ ਸਾਲਾਂ 'ਚ ਉਨ੍ਹਾਂ ਦਾ ਨੰਬਰ ਵੀ ਆ ਜਾਂਦਾ ਹੈ ਉਹ ਸੌਖੇ ਹੀ ਬਾਹਰ ਪਹੁੰਚ ਜਾਂਦੇ ਹਨ ਪਰ ਜਦੋਂ ਉਨ੍ਹਾਂ ਦੇ ਬੱਚੇ ਉਨ੍ਹਾਂ ਦੇ ਨਹੀਂ ਰਹਿੰਦੇ ਭਾਵ ਅੰਗਰੇਜ਼ਾਂ ਦੇ ਬੱਚਿਆਂ ਦੀ ਸੰਗਤ 'ਚ ਪੈ ਕੇ ਉਨ੍ਹਾਂ ਵਰਗੇ ਖੁੱਲ੍ਹੇ-ਡੁੱਲ੍ਹੇ ਮਾਹੌਲ ਵਾਲੇ ਬਣ ਜਾਂਦੇ ਹਨ। ਉਨ੍ਹਾਂ ਦੀ ਬੋਲੀ ਪਹਿਰਾਵਾ ਤੇ ਸੋਚ ਬਦਲ ਕੇ ਅੰਗਰੇਜ਼ਾਂ ਵਰਗੀ ਹੋ ਜਾਂਦੀ ਹੈ। ਉਹੀ ਭਾਰਤੀ ਆਪਣੀ ਮਾੜੀ ਕਿਸਮਤ ਨੂੰ ਕੋਸਦੇ 'ਪੁਆਇੰਟ ਸਿਸਟਮ' ਨੂੰ ਲਾਹਨਤਾਂ ਪਾਉਂਦੇ ਹਨ।

ਪੁਆਇੰਟ ਸਿਸਟਮ ਭਾਵ ਨੰਬਰਾਂ ਦੇ ਆਧਾਰ 'ਤੇ ਬਾਹਰ ਜਾਣਾ । ਭਾਰਤੀ ਲੋਕ ਦੇਖੋ-ਦੇਖੀ ਹੀ ਪੁਆਇੰਟ ਸਿਸਟਮ ਦੇ ਆਧਾਰ 'ਤੇ ਅਪਲਾਈ ਕਰੀ ਜਾਂਦੇ ਹਨ। ਬਹੁਤੇ ਲੋਕ ਪੁਆਇੰਟ ਸਿਸਟਮ ਰਾਹੀਂ ਵਿਦੇਸ਼ਾਂ 'ਚ ਜਾ ਵੀ ਰਹੇ ਹਨ। ਆਪਣੀਆਂ ਚੰਗੀਆਂ-ਚੰਗੀਆਂ ਨੌਕਰੀਆਂ ਤੇ ਬਿਜਨੈੱਸ ਛੱਡ ਕੇ ਲੋਕ ਪੁਆਇੰਟ ਸਿਸਟਮ ਰਾਹੀਂ ਬਾਹਰ ਤੁਰੇ ਜਾ ਰਹੇ ਹਨ। ਬਹੁਤ ਜ਼ਿਆਦਾ ਕਾਬਲੀਅਤ ਰੱਖਣ ਵਾਲੇ, ਵੱਡੀਆਂ-ਵੱਡੀਆਂ ਡਿਗਰੀਆਂ ਤੇ ਡਿਪਲੋਮਿਆਂ ਦੇ ਮਾਲਕ ਪੁਆਇੰਟ ਸਿਸਟਮ ਰਾਹੀਂ ਬਾਹਰ ਤਾਂ ਤੁਰੇ ਜਾਂਦੇ ਹਨ ਪਰ ਉੱਥੇ ਉਨ੍ਹਾਂ 'ਤੇ ਕੀ ਬੀਤਦੀ ਹੈ ਇਹ ਤਾਂ ਉਹੀ ਜਾਣਦੇ ਹਨ । ਦਿਨ-ਰਾਤ ਇੱਕ ਕਰਕੇ ਕੀਤੀਆਂ ਪੜ੍ਹਾਈਆਂ-ਲਿਖਾਈਆਂ ਦਾ ਉੱਥੇ ਕੋਈ ਮੁੱਲ ਨਹੀਂ ਪੈਂਦਾ । ਬੇਸ਼ੱਕ ਬਹੁਤ ਪੜ੍ਹੇ-ਲਿਖੇ ਤੇ ਡਿਗਰੀਆਂ ਕੀਤੀਆਂ ਵਾਲਿਆਂ ਨੂੰ ਪੁਆਇੰਟ ਸਿਸਟਮ ਰਾਹੀਂ ਬਾਹਰ ਜਾਣਾ ਸੌਖਾ ਹੈ ਪਰ ਉੱਥੇ ਜਾ ਕੇ ਸੈਟਲ ਹੋਣਾ ਬਹੁਤ ਔਖਾ ਹੈ। ਬਹੁਤ ਪੜ੍ਹੇ-ਲਿਖੇ ਭਾਰਤੀਆਂ ਨੂੰ ਬਾਹਰ ਜਾ ਕੇ ਕਰੜੀ ਮਿਹਨਤ ਕਰਨੀ ਪੈਂਦੀ ਹੈ। ਸਾਰਾ-ਸਾਰਾ ਦਿਨ 'ਬੇਸਮੈਂਟਾਂ' 'ਚ ਬਿਤਾ ਕੇ ਵੀ ਮਸਾਂ ਰੋਟੀ-ਪਾਣੀ ਦਾ ਖਰਚਾ ਹੀ ਨਿੱਕਲਦਾ ਹੈ ਤਾਂ ਉਹ ਆਪਣੇ ਕੀਤੇ 'ਤੇ ਪਛਤਾਉਂਦੇ ਹਨ।

ਬਹੁਤ ਸਾਰੇ ਪੜ੍ਹੇ-ਲਿਖੇ ਪੰਜਾਬੀ ਆਪਣੇ ਬੱਚਿਆਂ ਦੇ ਭਵਿੱਖ ਬਣਾਉਣ ਲਈ 'ਪੁਆਇੰਟ ਸਿਸਟਮ' ਅਪਲਾਈ ਕਰ ਦਿੰਦੇ ਹਨ। ਕੁਝ ਕੁ ਸਾਲਾਂ 'ਚ ਉਨ੍ਹਾਂ ਦਾ ਨੰਬਰ ਵੀ ਆ ਜਾਂਦਾ ਹੈ ਉਹ ਸੌਖੇ ਹੀ ਬਾਹਰ ਪਹੁੰਚ ਜਾਂਦੇ ਹਨ ਪਰ ਜਦੋਂ ਉਨ੍ਹਾਂ ਦੇ ਬੱਚੇ ਉਨ੍ਹਾਂ ਦੇ ਨਹੀਂ ਰਹਿੰਦੇ ਭਾਵ ਅੰਗਰੇਜ਼ਾਂ ਦੇ ਬੱਚਿਆਂ ਦੀ ਸੰਗਤ 'ਚ ਪੈ ਕੇ ਉਨ੍ਹਾਂ ਵਰਗੇ ਖੁੱਲ੍ਹੇ-ਡੁੱਲ੍ਹੇ ਮਾਹੌਲ ਵਾਲੇ ਬਣ ਜਾਂਦੇ ਹਨ। ਉਨ੍ਹਾਂ ਦੀ ਬੋਲੀ ਪਹਿਰਾਵਾ ਤੇ ਸੋਚ ਬਦਲ ਕੇ ਅੰਗਰੇਜ਼ਾਂ ਵਰਗੀ ਹੋ ਜਾਂਦੀ ਹੈ। ਉਹੀ ਭਾਰਤੀ ਆਪਣੀ ਮਾੜੀ ਕਿਸਮਤ ਨੂੰ ਕੋਸਦੇ 'ਪੁਆਇੰਟ ਸਿਸਟਮ' ਨੂੰ ਲਾਹਨਤਾਂ ਪਾਉਂਦੇ ਹਨ।

ਇੰਡੀਆ 'ਚ ਪੱਕੀ ਨੌਕਰੀ ਵਾਲਿਆਂ ਨੂੰ ਪੁਆਇੰਟ ਸਿਸਟਮ ਰਾਹੀਂ ਬਾਹਰ ਜਾਣਾ ਹੋਰ ਵੀ ਸੌਖਾ ਹੈ ਪਰ ਇੱਥੇ ਚੰਗੀ ਭਲੀ ਵਧੀਆ ਨੌਕਰੀ ਛੱਡ ਕੇ ਗਿਆਂ ਦੀ ਉਥੇ ਕੋਈ ਬਾਤ ਨਹੀਂ ਪੁੱਛਦਾ। ਉਹ ਵੀ 8ਵੀਂ-10ਵੀਂ ਪਾਸ ਵਾਲਿਆਂ ਵਾਂਗ ਖੇਤਾਂ 'ਚ ਕੰਮ ਕਰਦੇ ਹਨ, ਬੇਰ ਤੋੜਦੇ ਹਨ। ਉੱਥੇ ਜਾ ਕੇ ਉਨ੍ਹਾਂ ਨੂੰ ਕਈ-ਕਈ ਤਰ੍ਹਾਂ ਦੇ ਟੈਸਟ ਪਾਸ ਕਰਨ ਤੋਂ ਬਾਅਦ ਵੀ ਨੌਕਰੀ ਨਹੀਂ ਮਿਲਦੀ। ਜੇਕਰ ਮਿਲ ਵੀ ਜਾਵੇ ਤਾਂ ਪਤਾ ਨਹੀਂ ਉਹ ਕਿੰਨੇ ਦਿਨ ਲਈ ਹੁੰਦੀ ਹੈ। ਕੁਝ ਮਹੀਨਿਆਂ , ਹਫ਼ਤਿਆਂ , ਦਿਨਾਂ ਜਾਂ ਕੁਝ ਘੰਟਿਆਂ ਲਈ। ਉੱਥੇ ਜਾ ਕੇ ਬਹੁਤੇ ਪੜ੍ਹੇ-ਲਿਖੇ ਪੰਜਾਬੀਆਂ ਦਾ ਬਹੁਤ ਬੁਰਾ ਹਾਲ ਹੈ ਪਰ ਫਿਰ ਵੀ ਪੜ੍ਹੇ-ਲਿਖੇ ਹਰ ਪੰਜਾਬੀ ਦੀ ਇਹੀ ਇੱਛਾ ਹੈ ਕਿ ਉਹ ਕਿਸੇ ਨਾ ਕਿਸੇ ਤਰ੍ਹਾਂ ਵਿਦੇਸ਼ ਪਹੁੰਚ ਜਾਵੇ।

ਬਾਹਰ ਜਾਣ ਦੇ ਮਾਮਲੇ 'ਚ ਪੰਜਾਬਣਾਂ ਵੀ



ਕੋਈ ਮੌਕਾ ਖੁੰਝਣ ਨਹੀਂ ਦਿੰਦੀਆਂ। ਬੀ.ਏ., ਐਮ.ਏ. ਪਾਸ ਹਰ ਕੁੜੀ ਨੂੰ ਬਾਹਰਲਾ ਮੁੰਡਾ ਹੀ ਚਾਹੀਦਾ ਹੈ ਭਾਵੇਂ ਉਹ ਅਨਪੜ੍ਹ ਹੀ ਹੋਵੇ। ਉਸ ਦੇ ਪਹਿਲਾਂ ਭਾਵੇਂ ਕਿੰਨੇ ਵੀ ਵਿਆਹ ਹੋਏ ਹੋਣ, ਭਾਵੇਂ ਮੁੰਡੇ ਦੀ ਉਮਰ ਜਿੰਨੀ ਮਰਜ਼ੀ ਹੋਵੇ। ਬੱਸ ਕਿਸੇ ਵੀ ਤਰੀਕੇ ਉਹ ਵਿਦੇਸ਼ ਪਹੁੰਚਣਾ ਚਾਹੁੰਦੀਆਂ ਹਨ । ਪੁਆਇੰਟ ਸਿਸਟਮ 'ਚ ਆਈਲੈਟਸ ਤੇ ਟੂਆਫ਼ਿਲ ਦਾ ਕਾਫੀ ਯੋਗਦਾਨ ਹੈ। ਇਸੇ ਲਈ ਆਈਲੈਟਸ ਤੇ ਟੂਆਫ਼ਿਲ ਦੀ ਕੋਚਿੰਗ ਦੇਣ ਵਾਲੇ ਕੋਚਿੰਗ ਸੈਂਟਰ ਵੀ ਗਲੀ-ਗਲੀ ਖੁੱਲ੍ਹ ਰਹੇ ਹਨ।

ਪੁਆਇੰਟ ਸਿਸਟਮ ਪੰਜਾਬੀਆਂ ਨੂੰ ਬਾਹਰ ਬੁਲਾ ਤਾਂ ਰਿਹਾ ਹੈ ਪਰ ਉਨ੍ਹਾਂ ਦੀ ਯੋਗਤਾ ਮੁਤਾਬਕ ਉਨ੍ਹਾਂ ਨੂੰ ਕੰਮ ਮੁਹੱਈਆ ਨਹੀਂ ਕਰਵਾ ਰਿਹਾ। ਬਹੁਤੇ ਲੋਕ ਪੁਆਇੰਟ ਸਿਸਟਮ ਜ਼ਰੀਏ ਵਿਦੇਸ਼ ਜਾ ਕੇ ਬੁਰੀ ਤਰ੍ਹਾਂ ਫਸ ਜਾਂਦੇ ਹਨ। ਇਸ ਮਿੱਠੀ ਜੇਲ੍ਹ 'ਚੋਂ ਉਹ ਵਾਪਸ ਨਹੀਂ ਆ ਸਕਦੇ, ਨਾ ਹੀ ਉੱਥੇ ਪੂਰੀ ਤਰ੍ਹਾਂ ਸੈਟਲ ਹੋ ਸਕਦੇ ਹਨ।

ਕੋਈ ਸ਼ੱਕ ਨਹੀਂ ਕਿ ਕੈਨੇਡਾ-ਅਮਰੀਕਾ ਵਰਗੇ ਦੇਸ਼ ਬਹੁਤੇ ਸੋਹਣੇ ਹਨ । ਉੱਥੋਂ ਦੇ ਕਾਨੂੰਨ ਬਹੁਤ ਵਧੀਆ ਹਨ। ਕਾਨੂੰਨ ਸਬੰਧੀ ਤਾਂ ਅਸੀਂ ਇਸ ਗੱਲ ਤੋਂ ਹੀ ਅੰਦਾਜ਼ਾ ਲਾ ਸਕਦੇ ਹਾਂ ਕਿ ਵਿਦੇਸ਼ 'ਚ ਜਿੱਥੇ ਕੋਈ ਪੁਲਿਸ ਮੁਲਾਜ਼ਮ ਦਿਸ ਪਵੇ ਉੱਥੇ ਇਹ ਮਹਿਸੂਸ ਹੋਣ ਲੱਗ ਪੈਂਦਾ ਹੈ ਕਿ ਇੱਥੇ ਕੋਈ ਖਤਰਾ ਨਹੀਂ। ਵਿਦੇਸ਼ਾਂ 'ਚ ਪੁਲਿਸ ਵਾਲਿਆਂ ਨੂੰ ਦੇਖ ਕੇ ਸਾਹ 'ਚ ਸਾਹ ਆ ਜਾਂਦੇ ਹਨ ਤੇ ਪੰਜਾਬ 'ਚ ਪੁਲਿਸ ਵਾਲਿਆਂ ਨੇ ਦੇਖ ਕੇ ਸਾਹ ਸੁੱਕਣ ਲੱਗ ਪੈਂਦੇ ਹਨ । ਗੱਲ ਕਰਦੇ ਸੀ ਪੁਆਇੰਟ ਸਿਸਟਮ ਦੀ। ਕਈ ਲੋਕ ਖੁਸ਼ਕਿਸਮਤੀ ਨਾਲ 'ਪੁਆਇੰਟ ਸਿਸਟਮ' ਜ਼ਰੀਏ ਵਿਦੇਸ਼ 'ਚ ਵਧੀਆ ਤਰੀਕੇ ਸੈਟਲ ਹੋ ਵੀ ਜਾਂਦੇ ਹਨ। ਪਰ ਪੁਆਇੰਟ ਸਿਸਟਮ ਸਾਰਿਆਂ ਨੂੰ ਰਾਸ ਨਹੀਂ ਆਉਂਦਾ।

ਸੋ ਜ਼ਰੂਰਤ ਹੈ 'ਪੁਆਇੰਟ ਸਿਸਟਮ' ਨੂੰ ਸਹੀ ਤਰੀਕੇ ਨਾਲ ਅਪਨਾਉਣ ਦੀ। ਜਿਸ ਕੰਮ 'ਚ ਮੁਹਾਰਤ ਹਾਸਲ ਹੋਵੇ ਉਸ ਕੰਮ ਜ਼ਰੀਏ ਪੁਆਇੰਟ ਸਿਸਟਮ ਅਪਲਾਈ ਕੀਤਾ ਜਾਵੇ ਨਾ ਕਿ....। ਉਂਜ ਤਾਂ ਪੰਜਾਬੀਆਂ ਨੂੰ ਬਾਹਰ ਜਾਣ ਦਾ ਕੋਈ ਸੁਰਾਗ ਲੱਭਣਾ ਚਾਹੀਦਾ ਰਾਹ ਆਪ ਹੀ ਬਣਾ ਲੈਂਦੇ ਹਨ। ਜਿਵੇਂ ਇੱਕ ਗੱਲ ਸੁਣਨ ਨੂੰ ਮਿਲਦੀ ਹੈ ਕਿ ਅਮਰੀਕਾ ਗਏ ਇੱਕ ਬੰਦੇ ਨੂੰ ਜੰਗਲ 'ਚ ਇੱਕ ਸ਼ੇਰ ਮਿਲ ਗਿਆ। ਉਸ ਨੇ ਸ਼ੇਰ ਨੂੰ ਕਿਹਾ ਕਿ ਮਹਾਰਾਜ ਮੈਨੂੰ ਇੱਥੇ ਪੱਕਾ ਹੋਣ ਦਾ ਕੋਈ ਰਾਸਤਾ ਦੱਸੋ। ਸ਼ੇਰ ਮਹਾਰਾਜ ਨੇ ਤੁਰੰਤ ਜਵਾਬ ਦਿੱਤਾ। ਹੌਲੀ ਬੋਲੋ ਜੀ ਮੈਂ ਤਾਂ ਆਪ ਪੰਜਾਬੀ ਹਾਂ, ਮੈਂ ਵੀ ਖੋਤੇ ਦੇ ਵੀਜੇ 'ਤੇ ਇੱਥੇ ਆਇਆ ਹਾਂ। ਸੋ ਕੋਸ਼ਿਸ਼ ਕਰੋ ਕਿ ਪੰਜਾਬੀ ਸ਼ੇਰੋ! ਤੁਹਾਨੂੰ ਗਲਤ ਢੰਗ ਨਾਲ ਵੀਜੇ ਲੈ ਕੇ ਬਾਹਰ ਜਾਣ ਦੀ ਲੋੜ ਨਾ ਪਵੇ। ਪੰਜਾਬੀ ਸ਼ੇਰਾਂ ਨੂੰ ਵੀਜੇ ਹੀ ਮਿਲਣ ਤਾਂ ਜੋ ਉਹ ਆਪਣੀਆਂ ਦਹਾੜਾਂ ਨਾਲ ਪੰਜਾਬੀ ਵਿਰਸੇ ਨੇ ਪੰਜਾਬੀ ਬੋਲੀ ਤੇ ਪੰਜਾਬੀ ਪਹਿਰਾਵੇ ਨੂੰ ਪ੍ਰਫੁੱਲਤ ਕਰਨ ਨਾ ਕਿ ਦਿਨ ਕੱਟੀਆਂ ਹੀ ਭਾਗਾਂ 'ਚ ਲਿਖੀਆਂ ਜਾਣ। ਇਹ ਤਾਂ ਹੀ ਹੋ ਸਕਦਾ ਹੈ ਜੇਕਰ ਹਰ ਪੰਜਾਬੀ 'ਪੁਆਇੰਟ ਸਿਸਟਮ' ਦਾ ਗਲਤ ਫਾਇਦਾ ਉਠਾਉਣ ਦੀ ਬਜਾਏ ਉਸਨੂੰ ਸਹੀ ਤਰੀਕੇ ਆਪਣੇ ਪ੍ਰੋਫੈਸ਼ਨਲ ਦੇ ਮੁਤਾਬਕ ਅਪਲਾਈ ਕਰੇ। ਪਰ ਕੀ ਪੰਜਾਬੀ ਇਸ ਪੁਆਇੰਟ ਸਿਸਟਮ ਦਾ ਸੀ ਤਰੀਕੇ ਫਾਇਦਾ ਉਠਾਉਣਗੇ ? ਸ਼ਾਇਦ ਕਦੇ ਵੀ ਨਹੀਂ...।'

E-Mail : bhawandeep@rediffmail.com

## ਮਿੰਨੀ ਕਹਾਣੀਆਂ

ਮੈਂ ਤੁਹਾਨੂੰ ਕਿੰਨੇ ਵਾਰੀ ਆਖਿਆ ਕਿ ਤੁਸੀਂ ਸ਼ਰਾਬ ਪੀਣੀ ਬੰਦ ਕਰ ਦਿਓ ਪਰ ਤੁਹਾਡੇ ਕੰਨ 'ਤੇ ਜੂੰ ਤੱਕ ਨਹੀਂ ਸਰਕਦੀ। ਤੁਸੀਂ ਕਿੱਡੇ ਹਰਾਮੀ ਪਤੀ ਹੋ.... ਪਤਨੀ ਪਤੀ ਨੂੰ ਗੁੱਸੇ ਵਿਚ ਬੋਲ ਰਹੀ ਸੀ। ਪਤੀ ਚੁੱਪ ਚਾਪ ਬੈਠਾ ਪੈਗ ਤੇ ਪੈਗ ਲਾਈ ਜਾ ਰਿਹਾ ਸੀ। ਜਿਵੇਂ ਉਸਨੂੰ ਸੁਣਾਈ ਹੀ ਨਾ ਦਿੰਦਾ ਹੋਵੇ।

ਪਤਨੀ ਫਿਰ ਗੁੱਸੇ ਵਿਚ ਬੋਲੀ ਦੇਖੋ ਜੀ ਜੇ ਅੱਜ ਤੋਂ ਬਾਅਦ ਤੁਸੀਂ ਫਿਰ ਪੀਤੀ ਤਾਂ ਮੇਥੋਂ ਬੁਰਾ ਕੋਈ ਨਹੀਂ ਮੈਨੂੰ ਤਾਂ ਆਪਣੇ ਮਾਪਿਆਂ ਦੀ ਸ਼ਰਮ ਮਾਰਦੀਆ ਨਹੀਂ ਤਾਂ ਕਿੰਦੇ ਦੀ ਮੈਂ ਤੇਨੂੰ ਛੱਡਕੇ............

-ਸਿੱਧੂ ਸੁਖਵੰਤ ਸਿੰਘ

### ਜਵਾਨੀ ਭਾਲਦੇ

ਇਕ ਬਜ਼ੁਰਗ ਸੋਟੀ ਲਈ ਕੁਬਾ-ਕੁਬਾ ਤੁਰਿਆ ਆ ਰਿਹਾ ਸੀ। ਕੁਝ ਸਰਾਰਤੀ ਨੌਜੁਆਨਾਂ ਨੇ ਬਜ਼ੁਰਗ ਨੂੰ ਛੇੜਦੇ ਹੋਏ ਕਿਹਾ "ਬਾਬਾ ਜੀ, ਤੁਹਾਡਾ ਕੀ ਗੁਆਚ ਗਿਆ। ਤੁਸੀਂ ਕੀ ਲੱਭੀ ਜਾਂਦੇ ਓ। ਬਜ਼ੁਰਗ ਨੇ ਮੁਸਕਰਾਉਂਦੇ ਹੋਏ ਉੱਤਰ ਦਿੱਤਾ, "ਕਾਕਾ, ਮੇਰੀ ਜਵਾਨੀ ਗੁਆਚ ਗਈ, ਉਹ ਭਾਲਦੇ।" ਬਜ਼ੁਰਗ ਦਾ ਜਵਾਬ ਸੁਣ ਕੇ ਨੌਜਵਾਨ ਨੇ ਨੀਵੀਂ ਪਾ ਲਈ।

### ਪੁੰਨ ਦਾ ਕੰਮ

ਬਿਜਲੀ ਚੈਕਿੰਗ ਵਾਲਿਆਂ ਨੇ ਭਜਨ ਸਿਉਂ ਦੇ ਘਰ ਸਵੇਰੇ ਚਾਰ ਵਜੇ ਹੀ ਛਾਪਾ ਮਾਰ ਲਿਆ ਤੇ ਭਜਨ ਸਿਉਂ ਦੀ ਲੱਗੀ ਕੁੰਡੀ ਫੜ ਲਈ ਉਸ ਨੂੰ ਜੁਰਮਾਨਾ ਕੀਤਾ ਤੇ ਅੱਗੇ ਹੋ ਤੁਰੇ।

ਭਜਨ ਸਿਉਂ ਨੇ ਸੋਚਿਆ ਕਿ ਮੈਂ ਤਾਂ ਫਸ ਹੀ ਗਿਆ ਹਾਂ, ਚਲੋ ਹੁਣ ਪੁੰਨ ਦਾ ਕੰਮ ਹੀ ਕਰ ਲਈਏ ਬਾਕੀਆਂ ਨੂੰ ਤਾਂ ਬਚਾ ਲਈਏ। ਭਜਨ ਸਿਉਂ ਗੁਰਦੁਆਰੇ ਵਿਚ ਗਿਆ ਤੇ ਉਥੇ ਜਾ ਕੇ ਅਨਾਉਂਸਮੇਂਟ ਕਰ ਦਿੱਤੀ, "ਪਿੰਡ ਵਾਸੀਓ, ਬਈ ਆਪਣੇ ਪਿੰਡ ਵਿਚ ਬਿਜਲੀ ਚੈਕਿੰਗ ਕਰਨ ਵਾਲੇ ਆ ਗਏ ਹਨ ਜਿਸ ਜਿਸ ਵੀਰ ਘਰ ਮੀਟਰ ਨੂੰ ਕੁੰਡੀਆਂ ਲਾਈਆਂ ਹਨ ਉਹ ਲਾਹੁਣ ਦੀ ਖੇਚਲ ਕਰਨ।

### ਨਿਮਰਤਾ

ਬਾਬਾ ਜੀ ਦੇ ਵਿਰੋਧੀ ਕੁਝ ਗਲਤ ਅਨਸਰ ਜੋ ਨਹੀਂ ਸਨ ਚਾਹੁੰਦੇ ਕਿ ਬਾਬਾ ਜੀ ਦਾ ਗੁਰਦੁਆਰਾ ਬਣੇ। ਉਹ ਗੁਰਦੁਆਰਾ ਸਾਹਿਬ ਆ ਕੇ ਸਾਰਾ ਸਮਾਨ ਚੁੱਕ ਕੇ ਲੈ ਗਏ ਤੇ ਬਚੇ ਸਮਾਨ ਦੀ ਤੋੜ ਭੰਨ ਕਰ ਗਏ। ਇਥੋਂ ਤੱਕ ਕੇ ਬਿਜਲੀ ਫੀਟਿੰਗ ਤੇ ਸਵਿੱਚਾਂ ਵੀ ਭੰਨ ਗਏ।

ਬਾਬਾ ਜੀ ਮੰਜੇ ਤੇ ਬੈਠੇ ਸਨ। ਜਦ ਉਹ ਲੋਕ ਸਮਾਨ ਚੁੱਕ ਕੇ ਤੁਰਨ ਲੱਗੇ ਤਾਂ ਬਾਬਾ ਜੀ ਮੰਜੇ ਤੋਂ ਖੜ੍ਹੇ ਹੋ ਗਏ ਅਤੇ ਉਨ੍ਹਾਂ ਨੂੰ ਆਖਣ ਲੱਗੇ, "ਗੁਰਮੁੱਖੋ ਇਹ ਮੰਜਾ ਵੀ ਲੈ ਜਾਉ, ਤੁਹਾਡੇ ਕੰਮ ਆਵੇਗਾ।" ਬਾਬਾ ਜੀ ਆਪ ਭੁੰਜੇ ਬੈਠ ਗਏ।

### ਸਮਾਂ

ਇਕ ਪੇਂਟਰ ਨੇ ਇਕ ਬਹੁਤ ਹੀ ਸੁੰਦਰ ਔਰਤ ਦੀ ਤਸਵੀਰ ਬਣਾਈ। ਉਹ ਆਪਣੇ ਪੱਬਾਂ ਤੇ ਖੜ੍ਹੀ ਹੋਈ ਸੀ ਉਸ ਦੀਆਂ ਅੱਡੀਆਂ ਥੱਲੇ ਨਹੀਂ ਸਨ ਲੱਗਦੀਆਂ। ਉਸ ਦੇ ਸੱਜੇ ਹੱਥ ਵਿਚ ਤਿੱਖੀ ਕ੍ਰਿਪਾਨ ਸੀ। ਉਸ ਦੇ ਸਿਰ ਤੇ ਮੂਹਰੇ ਵਾਲ ਸਨ ਪਰ ਪਿਛਲੇ ਪਾਸਿਉਂ ਬਿਲਕੁਲ ਗੰਜੀ ਸੀ। ਪੇਂਟਰ ਦਾ ਦੋਸਤ ਪੇਂਟਰ ਕੋਲ ਆਉਂਦਾ ਹੈ। ਪੇਂਟਰ ਉਸ ਨੂੰ ਪੁੱਛਦਾ ਹੈ, 'ਸੁਣਾ ਦੋਸਤ ਕੀ ਹਾਲ ਏ, ਕਿਸ ਤਰ੍ਹਾਂ ਆਉਣੇ ਹੋਏ।'

ਦੋਸਤ - ਬੱਸ ਯਾਰ ਮੈਂ ਵਿਹਲਾ ਸੀ, ਸੋਚਿਆ ਤੇਰੇ ਕੋਲ ਜਾ ਕੇ ਦੋ-ਚਾਰ ਗੱਪਾਂ ਮਾਰ ਲਈਏ।

(ਅਚਾਨਕ ਪੇਂਟਰ ਦੇ ਦੋਸਤ ਦੀ ਨਿਗ੍ਹਾ ਉਸ ਤਸਵੀਰ ਤੇ ਪੈਂਦੀ ਹੈ)

'ਯਾਰ ਇਹ ਕੀ ਹੈ।'

ਪੇਂਟਰ - ਇਹ ਸਮਾਂ ਹੈ, ਸਮਾਂ।

ਦੋਸਤ - ਸਮਾਂ।

ਪੇਂਟਰ - ਹਾਂ ਸਮਾਂ।

ਦੋਸਤ - ਇਹ ਏਨੀ ਸੁੰਦਰ

ਪੇਂਟਰ - ਸਮਾਂ ਬਹੁਤ ਸੁੰਦਰ ਹੈ। ਬੱਸ ਇਸ ਦੀ ਸੁੰਦਰਤਾ ਨੂੰ ਦੇਖਣ ਦਾ ਤਰੀਕਾ ਆਉਣਾ ਚਾਹੀਦਾ ਹੈ।

ਦੋਸਤ - ਇਹ ਪੱਬਾਂ ਤੇ ਕਿਉਂ ਖੜ੍ਹੀ ਹੈ।

ਪੇਂਟਰ - ਕਿਉਂਕਿ ਸਮਾਂ ਕਦੀ ਵੀ ਰੁਕਦਾ ਨਹੀਂ।

ਦੋਸਤ - ਇਸ ਦੇ ਹੱਥ ਦੀ ਕ੍ਰਿਪਾਨ।

ਪੇਂਟਰ - ਇਹ ਇਸ ਲਈ ਹੈ ਕਿ ਸਮੇਂ ਦੀ ਮਾਰ ਬਹੁਤ ਬੁਰੀ ਹੁੰਦੀ ਹੈ।

ਦੋਸਤ - ਇਸ ਦੇ ਸਿਰ ਤੇ ਮੂਹਰੇ ਵਾਲ ਹਨ ਪਿੱਛੇ ਨਹੀਂ, ਇਹ ਕਿਉਂ।

ਪੇਂਟਰ - ਸਮਾਂ ਗਤੀਸ਼ੀਲ ਹੋਣ ਕਰਕੇ ਮੂਹਰਿਉਂ ਹੀ ਫੜਿਆ ਜਾ ਸਕਦਾ ਹੈ ਜੇ ਇਹ ਲੰਘ ਗਿਆ ਤੇ ਮੁੜ ਕੇ ਹੱਥ ਵਿਚ ਨਹੀਂ ਆਉਣਾ।

ਦੋਸਤ - ਚੰਗਾ ਯਾਰ ਮੈਂ ਚੱਲਦਾ ਹਾਂ।

ਪੇਂਟਰ - ਯਾਰ ਚਾਹ-ਪਾਣੀ ਤਾਂ ਪੀ ਕੇ ਜਾਈਂ।

ਦੋਸਤ - ਨਹੀਂ ਯਾਰ ਮੈਂ ਆਪਣੇ ਅਤੇ ਤੇਰੇ ਕੀਮਤੀ ਸਮੇਂ ਨੂੰ ਗੱਪਾਂ ਮਾਰ ਕੇ ਨਸ਼ਟ ਨਹੀਂ ਕਰਨਾ ਚਾਹੁੰਦਾ। ਭਵਨਦੀਪ ਸਿੰਘ 'ਪੁਰਬਾ'

*******

### ਜਵਾਨੀ ਭਾਲਦੈ

ਇਕ ਬਜ਼ੁਰਗ ਸੋਟੀ ਲਈ ਕੁਬਾ-ਕੁਬਾ ਤੁਰਿਆ ਆ ਰਿਹਾ ਸੀ। ਕੁਝ ਸ਼ਰਾਰਤੀ ਨੌਜੁਆਨਾਂ ਨੇ ਬਜ਼ੁਰਗ ਨੂੰ ਛੇੜਦੇ ਹੋਏ ਕਿਹਾ "ਬਾਬਾ ਜੀ, ਤੁਹਾਡਾ ਕੀ ਗੁਆਚ ਗਿਆ। ਤੁਸੀਂ ਕੀ ਲੱਭੀ ਜਾਂਦੇ ਓ।

ਬਜ਼ੁਰਗ ਨੇ ਮੁਸਕਰਾਉਂਦੇ ਹੋਏ ਉੱਤਰ ਦਿੱਤਾ, "ਕਾਕਾ, ਮੇਰੀ ਜਵਾਨੀ ਗੁਆਚ ਗਈ, ਉਹ ਭਾਲਦੈਂ।"

ਬਜ਼ੁਰਗ ਦਾ ਜਵਾਬ ਸੁਣ ਕੇ ਨੌਜਵਾਨ ਨੇ ਨੀਵੀਂ ਪਾ ਲਈ।

### ਪੁੰਨ ਦਾ ਕੰਮ

ਬਿਜਲੀ ਚੈਕਿੰਗ ਵਾਲਿਆਂ ਨੇ ਭਜਨ ਸਿਉਂ ਦੇ ਘਰ ਸਵੇਰੇ ਚਾਰ ਵਜੇ ਹੀ ਛਾਪਾ ਮਾਰ ਲਿਆ ਤੇ ਭਜਨ ਸਿਉਂ ਦੀ ਲੱਗੀ ਕੁੰਡੀ ਫੜ ਲਈ ਉਸ ਨੂੰ ਜੁਰਮਾਨਾ ਕੀਤਾ ਤੇ ਅੱਗੇ ਹੋ ਤੁਰੇ।

ਭਜਨ ਸਿਉਂ ਨੇ ਸੋਚਿਆ ਕਿ ਮੈਂ ਤਾਂ ਫਸ ਹੀ ਗਿਆ ਹਾਂ, ਚਲੋ ਹੁਣ ਪੁੰਨ ਦਾ ਕੰਮ ਹੀ ਕਰ ਲਈਏ ਬਾਕੀਆਂ ਨੂੰ ਤਾਂ ਬਚਾ ਲਈਏ। ਭਜਨ ਸਿਉਂ ਗੁਰਦੁਆਰੇ ਵਿਚ ਗਿਆ ਤੇ ਉਥੇ ਜਾ ਕੇ ਅਨਾਉਂਸਮੇਂਟ ਕਰ ਦਿੱਤੀ, "ਪਿੰਡ ਵਾਸੀਓ, ਬਈ ਆਪਣੇ ਪਿੰਡ ਵਿਚ ਬਿਜਲੀ ਚੈਕਿੰਗ ਕਰਨ ਵਾਲੇ ਆ ਗਏ ਹਨ ਜਿਸ ਜਿਸ ਵੀਰ ਘਰ ਮੀਟਰ ਨੂੰ ਕੁੰਡੀਆਂ ਲਾਈਆਂ ਹਨ ਉਹ ਲਾਹੁਣ ਦੀ ਖੇਚਲ ਕਰਨ।

### ਕਹਿਣੀ ਤੇ ਕਰਨੀ

ਕਿਸੇ ਸੰਤਾਂ ਦਾ ਦੀਵਾਨ ਲੱਗਿਆ ਹੋਇਆ ਸੀ। ਸੰਗਤਾਂ ਬੜੀ ਸ਼ਰਧਾ ਨਾਲ ਬਚਨ ਸਰਬਨ ਕਰ ਰਹੀਆਂ ਸਨ। ਸੰਤ ਜੀ ਨੇ ਸੈਦੇ ਮਲਾਹ ਦੀ ਸਾਖੀ ਸੁਣਾਈ ਕਿ ਗੁਰੂ ਜੀ ਨੇ ਅਮੀਰ ਮਲਾਹਾਂ ਦੀਆਂ ਚੰਦਨ ਦੀ ਲੱਕੜ ਦੀਆਂ ਬਣੀਆਂ ਤੇ ਫੁੱਲਾਂ ਨਾਲ ਸ਼ਿੰਗਾਰੀਆਂ ਬੇੜੀਆਂ ਨੂੰ ਠੁਕਰਾ ਕੇ ਸੈਦੇ ਮਲਾਹ ਦੀ ਟੁੱਟੀ ਬੇੜੀ ਵਿਚ ਬੈਠ ਕੇ ਦਰਿਆ ਪਾਰ ਕੀਤਾ।

ਸੰਤ ਜੀ ਦੀਵਾਨ ਦੀ ਸਮਾਪਤੀ ਉਪਰੰਤ ਵਾਪਸ ਜਾਣ ਲੱਗੇ ਤਾਂ ਕਿਸੇ ਸੇਵਕ ਨੇ ਮਾਰੂਤੀ ਕਾਰ ਵਿਚ ਬੈਠਣ ਦਾ ਇਸ਼ਾਰਾ ਕੀਤਾ, ਸੰਤ ਜੀ ਮਾਰੂਤੀ ਕਾਰ ਵਿਚ ਬੈਠਣ ਹੀ ਲੱਗੇ ਸਨ ਕਿ ਕਿਸੇ ਸਿਟੀ ਹਾਂਡਾ ਵਾਲੇ ਨੇ ਕਹਿ ਦਿੱਤਾ, "ਮਾਹਾਰਾਜ ਕ੍ਰਿਪਾ ਕਰੋ, ਮੇਰੇ ਨਾਲ ਚੱਲੋ।" ਸੰਤ ਜੀ ਫਟਾਫਟ ਮਾਰੂਤੀ ਕਾਰ ਵਿਚੋਂ ਉਤਰ ਕੇ ਸਿਟੀ ਹਾਂਡਾ ਵਿਚ ਬੈਠ ਗਏ।

### ਨਿਮਰਤਾ

ਬਾਬਾ ਜੀ ਦੇ ਵਿਰੋਧੀ ਕੁਝ ਗਲਤ ਅਨਸਰ ਜੋ ਨਹੀਂ ਸਨ ਚਾਹੁੰਦੇ ਕਿ ਬਾਬਾ ਜੀ ਦਾ ਗੁਰਦੁਆਰਾ ਬਣੇ। ਉਹ ਗੁਰਦੁਆਰਾ ਸਾਹਿਬ ਆ ਕੇ ਸਾਰਾ ਸਮਾਨ ਚੁੱਕ ਕੇ ਲੈ ਗਏ ਤੇ ਬਚੇ ਸਮਾਨ ਦੀ ਤੋੜ ਭੰਨ ਕਰ ਗਏ। ਇਥੋਂ ਤੱਕ ਕਿ ਬਿਜਲੀ ਫੀਟਿੰਗ ਤੇ ਸਵਿੱਚਾਂ ਵੀ ਭੰਨ ਗਏ। ਬਾਬਾ ਜੀ ਵੀ ਉਥੇ ਹੀ ਮੌਜੂਦ ਸਨ। ਬਾਬਾ ਜੀ ਮੰਜੇ 'ਤੇ ਬੈਠੇ ਸਨ। ਜਦ ਉਹ ਲੋਕ ਸਮਾਨ ਚੁੱਕ ਕੇ ਤੁਰਨ ਲੱਗੇ ਤਾਂ ਬਾਬਾ ਜੀ ਮੰਜੇ ਤੋਂ ਖੜ੍ਹੇ ਹੋ ਗਏ ਅਤੇ ਉਨ੍ਹਾਂ ਨੂੰ ਆਖਣ ਲੱਗੇ, 'ਗੁਰਮੁਖੋ ਇਹ ਮੰਜਾ ਵੀ ਲੈ ਜਾਉ, ਤੁਹਾਡੇ ਕੰਮ ਆਵੇਗਾ।" ਬਾਬਾ ਜੀ ਆਪ ਭੁੰਜੇ ਬੈਠ ਗਏ।